# ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
# ਸਰਹਿੰਦ ਰੋਡ ਪਟਿਆਲਾ

---

## ਨੋਟਿਸ

ਸਮੂਹ ਉਮੀਦਵਾਰ ਜਿੰਨਾਂ ਵੱਲੋ ਸਾਲ 2019 ਦੌਰਾਨ ਐਸ.ਆਰ.ਐਲ.ਐਮ ਫੇਜ਼-2 ਅਧੀਨ ਵੱਖ-ਵੱਖ ਅਸਾਮੀਆਂ ਦੀ ਭਰਤੀ ਸਬੰਧੀ ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਪਟਿਆਲਾ ਵਿਖੇ ਅਪਲਾਈ ਕੀਤਾ ਗਿਆ ਸੀ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵੱਲੋ ਪ੍ਰਾਪਤ ਹੋਏ ਐਪਲੀਕੇਸ਼ਨ ਫਾਰਮਾਂ ਵਿੱਚ ਦਰਜ ਵੇਰਵਿਆਂ ਅਨੁਸਾਰ ਵੱਖ ਵੱਖ ਕੈਟਾਗਰੀਆਂ ਅਧੀਨ ਭਰੀਆਂ ਜਾਣ ਵਾਲੀਆਂ ਪੋਸਟਾਂ ਲਈ Eligible, Ineligible ਅਤੇ Provisionally eligible ਲਿਸਟਾਂ ਤਿਆਰ ਕੀਤੀਆਂ ਗਈਆਂ ਹਨ। ਇੰਨਾਂ ਤਿਆਰ ਕੀਤੀਆਂ ਗਈਆਂ ਲਿਸਟਾਂ ਵਿੱਚ ਆਪ ਦੀ ਜਨਮ ਮਿਤੀ, ਵਿਦਿਅਕ ਯੋਗਤਾ ਅਤੇ ਤਜਰਬੇ ਸਬੰਧੀ ਡਿਟੇਲ ਦਰਸਾਈ ਗਈ ਹੈ। ਲਿਸਟਾਂ ਵਿੱਚ ਦਰਸਾਏ ਵੇਰਵਿਆਂ ਸਬੰਧੀ ਜੇਕਰ ਕੋਈ ਵੀ ਉਮੀਦਵਾਰ ਆਪਣਾ ਕੋਈ ਦਾਅਵਾ ਜਾਂ ਇਤਰਾਜ ਪੇਸ਼ ਕਰਨਾਂ ਚਾਹੁੰਦਾ ਹੋਵੇ ਤਾਂ ਉਹ ਮਿਤੀ 18-08-2020 ਸ਼ਾਮ 3.00 ਵਜੇ ਤੱਕ ਕਰ ਸਕਦਾ ਹੈ। ਇਸ ਨਿਯਤ ਕੀਤੀ ਸਮਾਂ ਹੱਦ ਤੋ ਬਾਅਦ ਵਿੱਚ ਪ੍ਰਾਪਤ ਹੋਇਆ ਕੋਈ ਵੀ ਦਾਅਵਾ/ਇਤਰਾਜ ਵਿਚਾਰਿਆ ਨਹੀ ਜਾਵੇਗਾ। ਕੋਵਿਡ-19 ਦੀ ਮਹਾਂਮਾਰੀ ਨੂੰ ਧਿਆਂਨ ਵਿੱਚ ਰੱਖਦੇ ਹੋਏ ਆਪ ਵੱਲੋ ਇਹ ਦਾਅਵਾ/ਇਤਰਾਜ ਈ-ਮੇਲ ਆਈ.ਡੀ. srlmobjections2020@gmail.com ਤੇ ਇੱਕ ਤੋ ਜਿਆਦਾ ਪੰਨੇ ਹੋਣ ਦੀ ਸੂਰਤ ਵਿੱਚ PDF ਫਾਰਮੈਟ ਵਿੱਚ ਹੀ ਭੇਜੇ ਜਾਣ ਅਤੇ ਦਫਤਰ ਜਿਲ੍ਹਾ ਪ੍ਰੀਸ਼ਦ ਪਟਿਆਲਾ ਵਿਖੇ ਸਥਾਪਿਤ ਕੀਤੀ ਸਿੰਗਲ ਵਿੰਡੋ ਕਮਰਾ ਨੰ. 6 ਵਿੱਚ ਵੀ ਉਮੀਦਵਾਰ ਕਿਸੇ ਵੀ ਕੰਮ ਵਾਲੇ ਦਿਨ ਆਪਣੇ ਦਾਅਵੇ/ਇਤਰਾਜ ਜਮ੍ਹਾ ਕਰਵਾ ਸਕਦੇ ਹਨ। ਉਮੀਦਵਾਰਾਂ ਵੱਲੋ ਦਾਅਵਾ/ਇਤਰਾਜ ਈ-ਮੇਲ ਕਰਨ ਸਮੇ ਅਤੇ ਦਸਤੀ ਜਮ੍ਹਾਂ ਕਰਵਾਉਣ ਸਮੇਂ ਇਹ ਵਿਸ਼ੇਸ਼ ਤੌਰ ਤੇ ਧਿਆਂਨ ਵਿੱਚ ਰੱਖਿਆ ਜਾਵੇ ਕਿ ਆਪਣੇ ਦਾਅਵੇ/ਇਤਰਾਜ ਸਬੰਧੀ ਆਪਣੀ ਦਰਖਾਸਤ ਵਿੱਚ ਆਪਣਾ ਐਪਲੀਕੇਸ਼ਨ ਨੰਬਰ ਜੋ ਲਿਸਟਾਂ ਵਿੱਚ ਦਰਸਾਇਆ ਗਿਆ ਹੈ ਉਹ ਜਰੂਰ ਲਿਖਿਆ ਜਾਵੇ।

**ਨੋਟ:- ਭਰਤੀ ਸਮੇ ਇਸਤਿਹਾਰ ਨਾਲ ਜਾਰੀ ਕੀਤੇ ਗਏ ਐਪਲੀਕਸ਼ਨ ਫਾਰਮ ਦੇ ਲੜੀ ਨੰ. 9 ਅਨੁਸਾਰ ਕੋਈ ਵੀ ਤਜਰਬਾ ਮਿਤੀ 01-07-2019 ਤੱਕ ਦਾ ਹੀ ਮੰਨਣਯੋਗ ਹੈ ਇਸ ਲਈ ਇਸ ਤੋ ਬਾਅਦ ਦਾ ਕੋਈ ਵੀ ਤਜਰਬਾ ਵਿਚਾਰਿਆ ਨਹੀ ਜਾਵੇਗਾ।**

ਸਹੀ-/
ਡਾ. ਪ੍ਰੀਤੀ ਯਾਦਵ (ਆਈ.ਏ.ਐਸ)
ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
ਪਟਿਆਲਾ

Scanned with CamScanner